# Kidney Paired Donation (Punjabi)

***ਉਹ ਮਦਾਂ ਜੋ ਤੁਸੀਂ ਇਸ ਬਰੋਸ਼ਰ ਵਿੱਚ ਪੜ੍ਹੋਗੇ:***

*<u>ਇੱਕ ਪ੍ਰਤੀਰੋਪਣ ਉਮੀਦਵਾਰ, ਜਾਂ ਉਮੀਦਵਾਰ,</u> ਉਹ ਵਿਅਕਤੀ ਹੁੰਦਾ ਹੈ ਜਿਸਨੂੰ ਗੁਰਦੇ ਦੇ ਪ੍ਰਤੀਰੋਪਣ (transplant) ਦੀ ਲੋੜ ਹੁੰਦੀ ਹੈ।*

*<u>ਇੱਕ ਸੰਭਾਵੀ ਦਾਨੀ, ਜਾਂ ਦਾਨੀ,</u> ਉਹ ਵਿਅਕਤੀ ਹੁੰਦਾ ਹੈ ਜੋ ਇੱਕ ਗੁਰਦਾ ਦਾਨ ਕਰਨ ਦੀ ਇੱਛਾ ਕਰ ਰਿਹਾ ਹੈ।*

*ਇੱਕ ਪ੍ਰਤੀਰੋਪਣ ਉਮੀਦਵਾਰ ਅਤੇ ਉਹਨਾਂ ਦਾ ਕੋਈ ਜਾਣੂੰ ਸੰਭਾਵੀ ਦਾਨੀ (ਕੋਈ ਦੋਸਤ ਜਾਂ ਪਰਿਵਾਰਕ ਮੈਂਬਰ) ਇੱਕ <u>ਜੋੜਾ</u> ਹੁੰਦੇ ਹਨ।*

*<u>ਇੱਕ ਗੈਰ-ਸੇਧਿਤ ਗੁੰਮਨਾਮ ਦਾਨੀ (Non-Directed Anonymous Donor), ਜਾਂ NDAD</u> ਉਹ ਵਿਅਕਤੀ ਹੁੰਦਾ ਹੈ ਜੋ ਗੁਰਦਾ ਲੋੜਦੇ ਕਿਸੇ ਵੀ ਵਿਅਕਤੀ ਨੂੰ ਇੱਕ ਗੁਰਦਾ ਦਾਨ ਕਰਨ ਦੀ ਇੱਛਾ ਕਰ ਰਿਹਾ ਹੁੰਦਾ ਹੈ।*

***ਕਲਪਨਾ ਕਰੋ:*** *ਤੁਸੀਂ ਆਪਣੇ ਗੁਰਦਿਆਂ ਵਿੱਚੋਂ ਕੋਈ ਇੱਕ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਦਾਨ ਕਰਨਾ ਚਾਹੁੰਦੇ ਹੋ ਜਿਸਨੂੰ ਪ੍ਰਤੀਰੋਪਣ ਦੀ ਲੋੜ ਹੈ। ਪਰ, ਡਾਕਟਰੀ ਟੈਸਟ ਇਹ ਦਿਖਾਉਂਦੇ ਹਨ ਕਿ ਤੁਸੀਂ ਉਹਨਾਂ ਵਾਸਤੇ ਕੋਈ ਵਧੀਆ ਮੇਲ ਨਹੀਂ ਹੋ। ਇੱਕ ਹੋਰ ਸੰਭਾਵੀ ਦਾਨੀ ਅਤੇ ਉਹਨਾਂ ਦਾ ਪ੍ਰਤੀਰੋਪਣ ਉਮੀਦਵਾਰ ਵੀ ਇਸੇ ਪ੍ਰਸਥਿਤੀ ਵਿੱਚ ਹਨ। ਇਹ ਪਤਾ ਚੱਲਦਾ ਹੈ ਕਿ ਤੁਸੀਂ ਦੂਸਰੇ ਜੋੜੇ ਵਿਚਲੇ ਪ੍ਰਤੀਰੋਪਣ ਉਮੀਦਵਾਰ ਲਈ ਇੱਕ ਵਧੀਆ ਮੇਲ ਹੋ, ਅਤੇ ਉਸ ਜੋੜੇ ਵਿਚਲਾ ਸੰਭਾਵੀ ਦਾਨੀ ਤੁਹਾਡੇ ਦੋਸਤ ਜਾਂ ਪਰਿਵਾਰਕ ਮੈਂਬਰ ਵਾਸਤੇ ਇੱਕ ਵਧੀਆ ਮੇਲ ਹੈ। ਇਹਨਾਂ ਦੋ ਜੋੜਿਆਂ ਵਿਚਲੇ ਦਾਨੀਆਂ ਦੀ ਅਦਲਾ-ਬਦਲੀ ਕਰਨਾ ਦੋਨਾਂ ਪ੍ਰਤੀਰੋਪਣਾਂ ਨੂੰ ਸੰਭਵ ਬਣਾ ਦਿੰਦਾ ਹੈ।*

**'ਕਿਡਨੀ ਪੇਅਰਡ ਡੋਨੇਸ਼ਨ' ਜਾਂ ਗੁਰਦਿਆਂ ਦਾ ਜੋੜਿਆਂ ਵਿੱਚ ਦਾਨ ਕੀ ਹੈ?**

ਕਿਡਨੀ ਪੇਅਰਡ ਡੋਨੇਸ਼ਨ ਇੱਕ ਪ੍ਰੋਗਰਾਮ ਹੈ ਜੋ ਪ੍ਰਤੀਰੋਪਣ ਉਮੀਦਵਾਰਾਂ ਦਾ ਢੁਕਵੇਂ ਜਿੰਦਾ ਦਾਨੀਆਂ ਨਾਲ ਮੇਲ ਕਰਾਉਂਦਾ ਹੈ। ਇਹ ਲੋਕਾਂ ਨੂੰ ਇਹ ਯਕੀਨੀ ਬਣਾਉਂਦੇ ਹੋਏ ਇੱਕ ਜਿੰਦਾ ਦਾਨੀ ਬਣਨ ਦਾ ਮੌਕਾ ਦਿੰਦਾ ਹੈ ਕਿ ਜਿਸ ਵਿਅਕਤੀ ਦੀ ਉਹ ਮਦਦ ਕਰਨੀ ਚਾਹੁੰਦੇ ਹਨ ਉਸਨੂੰ ਲੋੜਵੰਦ ਗੁਰਦਾ ਪ੍ਰਾਪਤ ਹੁੰਦਾ ਹੈ, ਚਾਹੇ ਉਹਨਾਂ ਦਾ ਖੁਦ ਦਾ ਗੁਰਦਾ ਸਿੱਧੇ ਤੌਰ 'ਤੇ ਉਸ ਵਿਅਕਤੀ ਨਾਲ ਮੇਲ ਨਹੀਂ ਖਾਂਦਾ। ਕੈਨੇਡਾ ਦੇ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ, ਦੇਸ਼ ਭਰ ਵਿੱਚ ਜਿੰਦਾ ਦਾਨੀਆਂ ਵੱਲੋਂ ਗੁਰਦੇ ਦੇ ਦਾਨ ਅਤੇ ਗੁਰਦੇ ਦੇ ਪ੍ਰਤੀਰੋਪਣ ਪ੍ਰੋਗਰਾਮਾਂ ਨਾਲ ਮਿਲਕੇ ਕਾਰਜ ਕਰਦੇ ਹੋਏ ਚਲਾਇਆ ਜਾਂਦਾ ਹੈ।

**'ਕਿਡਨੀ ਪੇਅਰਡ ਡੋਨੇਸ਼ਨ' ਵਿੱਚ ਕੌਣ ਭਾਗ ਲੈ ਸਕਦਾ ਹੈ?**

ਪ੍ਰਤੀਰੋਪਣ ਉਮੀਦਵਾਰ ਦੀ ਪਹਿਲਾਂ ਲਾਜ਼ਮੀ ਤੌਰ 'ਤੇ ਉਹਨਾਂ ਦੇ ਗੁਰਦਿਆਂ ਦੇ ਡਾਕਟਰ ਦੁਆਰਾ ਗੁਰਦਾ ਪ੍ਰਤੀਰੋਪਣ ਲਈ ਮੁਲਾਂਕਣ ਵਾਸਤੇ ਸਿਫਾਰਸ਼ ਕੀਤੀ ਜਾਣੀ ਚਾਹੀਦੀ ਹੈ। ਫੇਰ ਸੰਭਾਵੀ ਦਾਨੀ ਆਪਣੇ ਨਿਵਾਸ ਸਥਾਨ ਦੇ ਸਭ ਤੋਂ ਨੇੜਲੇ ਜਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਸੰਬੰਧੀ ਪ੍ਰੋਗਰਾਮ ਨਾਲ ਉਹਨਾਂ ਨੂੰ ਇਹ ਦੱਸਣ ਲਈ ਸੰਪਰਕ ਕਰ ਸਕਦੇ ਹਨ ਕਿ ਉਹ ਉਸ ਵਿਅਕਤੀ ਨੂੰ ਗੁਰਦਾ ਦਾਨ ਕਰਨ ਵਿੱਚ ਰੁਚੀ ਰੱਖਦੇ ਹਨ। ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਦੋਨਾਂ ਨੂੰ ਇਹ ਯਕੀਨੀ ਬਣਾਉਣ ਲਈ ਲਾਜ਼ਮੀ ਤੌਰ 'ਤੇ ਡਾਕਟਰੀ ਟੈਸਟਾਂ ਅਤੇ ਮੁਲਾਂਕਣਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਕਿ ਉਹ ਏਨੇ ਕੁ ਸਿਹਤਮੰਦ ਹਨ ਕਿ ਸਰਜਰੀਆਂ ਕਰਵਾ ਸਕਦੇ ਹਨ।

ਕਈ ਵਾਰ, ਸੰਭਾਵੀ ਦਾਨੀ ਦੇ ਖੂਨ ਅਤੇ/ਜਾਂ ਟਿਸ਼ੂ ਦੀ ਕਿਸਮ ਪ੍ਰਤੀਰੋਪਣ ਉਮੀਦਵਾਰ ਦੇ ਖੂਨ ਅਤੇ/ਜਾਂ ਟਿਸ਼ੂ ਦੀ ਕਿਸਮ ਨਾਲ ਮੇਲ ਨਹੀਂ ਖਾਂਦੀ। ਇਸ ਕੇਸ ਵਿੱਚ, ਦਾਨ ਅਤੇ ਪ੍ਰਤੀਰੋਪਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਪ੍ਰਤੀਰੋਪਣ ਉਮੀਦਵਾਰ ਦਾ ਸਰੀਰ ਗੁਰਦੇ ਨੂੰ ਅਸਵੀਕਾਰ ਕਰ ਦੇਵੇਗਾ।




ਇਸ ਪ੍ਰਸਥਿਤੀ ਵਿੱਚ ਸੰਭਾਵੀ ਦਾਨੀ ਅਤੇ ਪ੍ਰਤੀਰੋਪਣ ਉਮੀਦਵਾਰ ਨੂੰ ਇੱਕ "ਗੈਰ-ਅਨੁਰੂਪ ਜੋੜਾ" ਕਿਹਾ ਜਾਂਦਾ ਹੈ। ਹਾਲਾਂਕਿ ਗੈਰ-ਅਨੁਰੂਪ ਜੋੜੇ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ,ਪਰ ਫਿਰ ਵੀ ਉਹ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਦਾਖਲਾ ਲੈਕੇ ਦਾਨੀਆਂ ਦੀ ਅਦਲਾ-ਬਦਲੀ ਵਿੱਚ ਭਾਗ ਲੈਣ 'ਤੇ ਵਿਚਾਰ ਕਰ ਸਕਦੇ ਹਨ। ਦਾਨੀਆਂ ਦੀ ਅਦਲਾ-ਬਦਲੀ ਵਿੱਚ ਦੋ ਜਾਂ ਵਧੇਰੇ ਜੋੜੇ ਸ਼ਾਮਲ ਹੋ ਸਕਦੇ ਹਨ। ਹਰੇਕ ਦਾਨੀ ਇੱਕ ਗੁਰਦਾ ਦਾਨ ਕਰਦਾ ਹੈ ਅਤੇ ਹਰੇਕ ਪ੍ਰਤੀਰੋਪਣ ਉਮੀਦਵਾਰ ਨੂੰ ਇੱਕ ਗੁਰਦਾ ਪ੍ਰਾਪਤ ਹੁੰਦਾ ਹੈ। 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਦਾਨ

**ਕਰਨ ਲਈ, ਕੀ ਤੁਹਾਡੇ ਲਈ ਕਿਸੇ ਜੋੜੇ ਦਾ ਭਾਗ ਹੋਣਾ ਜ਼ਰੂਰੀ ਹੈ?**
ਨਹੀਂ। ਜੋ ਲੋਕ ਕਿਸੇ ਵਿਸ਼ੇਸ਼ ਉਮੀਦਵਾਰ ਨੂੰ ਦਿਮਾਗ ਵਿੱਚ ਰੱਖਣ ਤੋਂ ਬਿਨਾਂ ਕੋਈ ਗੁਰਦਾ ਦਾਨ ਕਰਨ ਦੀ ਇੱਛਾ ਕਰਦੇ ਹੋਣ, ਉਹ ਵੀ 'ਕਿਡਨੀ ਪੇਅਰਡ ਡੋਨੇਸ਼ਨ'




ਪ੍ਰੋਗਰਾਮ ਵਿੱਚ ਦਾਖਲਾ ਲੈ ਸਕਦੇ ਹਨ। ਇਹਨਾਂ ਦਾਨੀਆਂ ਨੂੰ "ਗੈਰ-ਸੇਧਿਤ ਗੁੰਮਨਾਮ ਦਾਨੀ" ਜਾਂ ਸੰਖੇਪ ਵਿੱਚ NDADs ਕਿਹਾ ਜਾਂਦਾ ਹੈ। ਆਪਣੇ ਇੱਕ ਦਾਨ ਨਾਲ ਕਈ ਸਾਰੇ ਪ੍ਰਤੀਰੋਪਣਾਂ ਨੂੰ ਤੂਲ ਦੇਕੇ, ਉਹ ਇੱਕ ਡੋਮੀਨੋ ਲੜੀ ਪ੍ਰਭਾਵ ਨੂੰ ਸ਼ੁਰੂ ਕਰ ਸਕਦੇ ਹਨ। ਇਹ ਲੜੀ ਮ੍ਰਿਤਕ ਗੁਰਦਾ ਦਾਨੀ ਉਡੀਕ-ਸੂਚੀ ਉੱਤੇ ਮੌਜੂਦ ਕਿਸੇ ਅਜਿਹੇ ਉਮੀਦਵਾਰ ਵੱਲੋਂ ਆਖਰੀ ਦਾਨੀ ਤੋਂ ਇੱਕ ਗੁਰਦਾ ਪ੍ਰਾਪਤ ਕਰਨ ਨਾਲ ਖਤਮ ਹੁੰਦੀ ਹੈ, ਜੋ ਰਜਿਸਟਰੀ ਵਿੱਚ ਕਿਸੇ ਨਾਲ ਵੀ ਮੇਲ ਨਹੀਂ ਖਾਂਦਾ।

**'ਕਿਡਨੀ ਪੇਅਰਡ ਡੋਨੇਸ਼ਨ' ਪ੍ਰਕਿਰਿਆ ਵਿੱਚ ਕੀ ਵਾਪਰਦਾ ਹੈ?**
'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ, ਹਰੇਕ ਦਾਨੀ ਅਤੇ ਉਮੀਦਵਾਰ ਵਾਸਤੇ ਆਪਣੀ ਡਾਕਟਰੀ ਜਾਣਕਾਰੀ ਕੈਨੇਡੀਅਨ ਟ੍ਰਾਂਸਪਲਾਂਟ ਰਜਿਸਟਰੀ ਵਿੱਚ ਦਾਖਲ ਕੀਤੇ ਜਾਣ ਵਾਸਤੇ ਇਜਾਜ਼ਤ ਦਿੰਦੇ ਇੱਕ ਸਹਿਮਤੀ ਫ਼ਾਰਮ 'ਤੇ ਦਸਤਖਤ ਕਰਨਾ ਲਾਜ਼ਮੀ ਹੈ। ਇਹ ਰਜਿਸਟਰੀ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਾਸਤੇ ਇੱਕ ਸੁਰੱਖਿਅਤ ਕੰਪਿਊਟਰ ਡੈਟਾਬੇਸ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਇਸ ਰਜਿਸਟਰੀ ਅਤੇ ਕੰਪਿਊਟਰੀਕਿਰਤ ਮੇਲ ਕਰਾਉਣ ਪ੍ਰਕਿਰਿਆ ਦਾ ਪ੍ਰਬੰਧਨ ਕਰਦੀ ਹੈ।

ਦਾਖਲ ਕੀਤੇ ਸਾਰੇ ਦਾਨੀਆਂ ਅਤੇ ਪ੍ਰਤੀਰੋਪਣ ਉਮੀਦਵਾਰਾਂ ਵਾਸਤੇ ਵਿਸ਼ੇਸ਼ ਨਿੱਜੀ ਅਤੇ ਡਾਕਟਰੀ ਜਾਣਕਾਰੀ ਨੂੰ ਰਜਿਸਟਰੀ ਵਿੱਚ ਦਾਖਲ ਕੀਤਾ ਜਾਂਦਾ ਹੈ ਤਾਂ ਜੋ ਮੇਲ ਕਰਾਉਣ ਦੀ ਪ੍ਰਕਿਰਿਆ ਨੂੰ ਯੋਗ ਬਣਾਇਆ ਜਾ ਸਕੇ। ਰਜਿਸਟਰੀ ਉਹਨਾਂ ਸੰਭਾਵੀ ਦਾਨੀਆਂ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹੈ ਜਿੰਨ੍ਹਾਂ ਦਾ ਮੇਲ ਦੇਸ਼ ਵਿੱਚ ਕਿਤੇ ਵੀ ਮੌਜੂਦ ਪ੍ਰਤੀਰੋਪਣ ਉਮੀਦਵਾਰਾਂ ਨਾਲ ਕਰਵਾਇਆ ਜਾ ਸਕਦਾ ਹੈ। ਇੱਕ ਵਾਰ ਮੇਲ ਖਾਣ 'ਤੇ, ਕਿਸੇ ਦਾਨੀ ਨੂੰ ਕੁਝ ਡਾਕਟਰੀ ਟੈਸਟ ਦੁਹਰਾਉਣ ਜਾਂ ਕੁਝ ਹੋਰ ਟੈਸਟ ਕਰਵਾਉਣ ਦੀ ਲੋੜ ਪੈ ਸਕਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦਾ ਗੁਰਦਾ ਮੇਲ ਖਾਂਦੇ ਪ੍ਰਤੀਰੋਪਣ ਉਮੀਦਵਾਰ ਲਈ ਢੁਕਵਾਂ ਹੈ।

ਲੜੀ ਵਿਚਲੇ ਸਾਰੇ ਮੇਲਾਂ ਨੂੰ ਮਨਜ਼ੂਰ ਕਰ ਦਿੱਤੇ ਜਾਣ ਦੇ ਬਾਅਦ, ਗੈਰ-ਅਨੁਰੂਪ ਜੋੜਿਆਂ ਦੇ ਦਾਨੀਆਂ ਨੂੰ ਅਦਲਾ-ਬਦਲੀ ਕਰਕੇ ਅਨੁਰੂਪ ਜੋੜੇ ਬਣਾਏ ਜਾਂਦੇ ਹਨ। ਦੇਸ਼ ਭਰ ਵਿਚਲੀਆਂ ਪ੍ਰਤੀਰੋਪਣ ਟੀਮਾਂ ਦਾਨ ਅਤੇ ਪ੍ਰਤੀਰੋਪਣ ਸਰਜਰੀਆਂ ਦਾ ਬੰਦੋਬਸਤ ਕਰਨ ਲਈ ਮਿਲਕੇ ਕੰਮ ਕਰਦੀਆਂ ਹਨ। ਟੀਚਾ ਹੈ ਪ੍ਰਤੀਰੋਪਣ ਉਮੀਦਵਾਰਾਂ ਵਾਸਤੇ ਬਿਹਤਰ ਮੇਲ ਖਾਂਦੇ ਦਾਨੀਆਂ ਨੂੰ ਲੱਭਣਾ।

**'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਭਾਗ ਲੈਣ ਦੇ ਕੀ ਲਾਭ ਹਨ?**
'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਗੈਰ-ਅਨੁਰੂਪ ਦਾਨੀਆਂ ਨੂੰ ਆਪਣੇ ਕਿਸੇ ਜਾਣਕਾਰ ਨੂੰ ਇੱਕ ਗੁਰਦਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਇੱਕ ਹੋਰ ਤਰੀਕਾ ਪ੍ਰਦਾਨ ਕਰਦਾ ਹੈ। ਇਹ NDAD (Non Directed Anonymous Donors) ਲੋਕਾਂ ਨੂੰ, ਜੋ ਕਿਸੇ ਲੋੜਵੰਦ ਨੂੰ ਕੋਈ ਗੁਰਦਾ ਦਾਨ ਕਰਨਾ ਚਾਹੁੰਦੇ ਹਨ, ਇੱਕ ਤੋਂ ਵਧੇਰੇ ਪ੍ਰਤੀਰੋਪਣ ਉਮੀਦਵਾਰਾਂ ਦੀ ਮਦਦ ਕਰਨ ਦੀ ਸੰਭਾਵਨਾ ਵੀ ਦਿੰਦਾ ਹੈ। ਇੱਕ ਕੌਮੀ ਪ੍ਰੋਗਰਾਮ ਦਾ

ਲਾਭ ਇਹ ਹੈ ਕਿ ਇਸ ਵਿੱਚ ਸਮੁੱਚੇ ਕੈਨੇਡਾ ਤੋਂ ਜੋੜੇ ਸ਼ਾਮਲ ਹੁੰਦੇ ਹਨ, ਨਾ ਕਿ ਕੇਵਲ ਇੱਕ ਪ੍ਰਤੀਰੋਪਣ ਪ੍ਰੋਗਰਾਮ ਜਾਂ ਇੱਕ ਪ੍ਰਾਂਤ ਤੋਂ। ਇਸ ਨਾਲ ਉਮੀਦਵਾਰਾਂ ਵਾਸਤੇ ਕੋਈ ਮੇਲ ਲੱਭਣ ਦੀ ਸੰਭਾਵਨਾ ਵਧ ਜਾਂਦੀ ਹੈ।

***ਪ੍ਰਤੀਰੋਪਣ ਉਮੀਦਵਾਰਾਂ ਵਾਸਤੇ:***

- ਹੋ ਸਕਦਾ ਹੈ ਕਿਸੇ ਪ੍ਰਤੀਰੋਪਣ ਵਾਸਤੇ ਉਡੀਕ ਕਰਨ ਦਾ ਤੁਹਾਡਾ ਸਮਾਂ ਘਟ ਜਾਵੇ।
- ਕੋਈ ਪ੍ਰਤੀਰੋਪਣ ਤੁਹਾਡੇ ਡਾਇਆਲਾਇਸਿਸ ਉੱਤੇ ਨਿਰਭਰ ਹੋਣ ਦੇ ਸਮੇਂ ਨੂੰ ਘੱਟ ਕਰ ਸਕਦਾ ਹੈ।
- ਇੱਕ ਪ੍ਰਤੀਰੋਪਣ ਤੁਹਾਡੀ ਡਾਇਆਲਾਇਸਿਸ ਸ਼ੁਰੂ ਕਰਨ ਦੀ ਲੋੜ ਨੂੰ ਵੀ ਰੋਕ ਸਕਦਾ ਹੈ।
- ਕਿਸੇ ਜਿੰਦਾ ਦਾਨੀ ਕੋਲੋਂ ਗੁਰਦੇ ਦਾ ਦਾਨ ਅਕਸਰ ਕਿਸੇ ਹਾਲੀਆ ਸਮੇਂ ਵਿੱਚ ਮਰ ਗਏ ਦਾਨੀ ਕੋਲੋਂ ਮਿਲੇ ਗੁਰਦੇ ਨਾਲੋਂ ਵਧੇਰੇ ਲੰਬਾ ਸਮਾਂ ਚੱਲਦਾ ਹੈ।

# Kidney Paired Donation (Punjabi)

***ਸੰਭਾਵੀ ਦਾਨੀਆਂ ਵਾਸਤੇ:***

- ਤੁਸੀਂ ਗੁਰਦੇ ਦਾ ਪ੍ਰਤੀਰੋਪਣ ਲੋੜਦੇ ਆਪਣੇ ਕਿਸੇ ਜਾਣੂੰ ਵਿਅਕਤੀ ਦੀ ਮਦਦ ਕਰ ਸਕਦੇ ਹੋ, ਚਾਹੇ ਤੁਸੀਂ ਉਸ ਵਿਅਕਤੀ ਨਾਲ ਮੇਲ ਨਾ ਵੀ ਖਾਂਦੇ ਹੋਵੋਂ।
- ਤੁਸੀਂ ਹੋਰਨਾਂ ਨੂੰ ਗੁਰਦੇ ਦੇ ਪ੍ਰਤੀਰੋਪਣ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਗੁੰਮਨਾਮ ਤਰੀਕੇ ਨਾਲ ਦਾਨ ਕਰ ਸਕਦੇ ਹੋ।
- ਤੁਸੀਂ ਉਸ ਮਰੀਜ਼ ਦੀ ਜ਼ਿੰਦਗੀ ਅਤੇ ਸਿਹਤ ਸੁਧਾਰ ਸਕਦੇ ਹੋ ਜੋ ਤੁਹਾਡਾ ਗੁਰਦਾ ਪ੍ਰਾਪਤ ਕਰਦਾ ਹੈ।
- ਤੁਸੀਂ ਮਰੀਜ਼ ਦੇ ਪਰਿਵਾਰਕ ਮੈਂਬਰਾਂ ਦੀਆਂ ਜ਼ਿੰਦਗੀਆਂ ਵਿੱਚ ਵੀ ਸੁਧਾਰ ਕਰ ਸਕਦੇ ਹੋ।

**'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਕੌਣ ਸ਼ਾਮਲ ਹੋ ਸਕਦਾ ਹੈ?**

ਜੇ ਤੁਸੀਂ ਨਿਮਨਲਿਖਤ ਕਸੌਟੀਆਂ ਦੀ ਪੂਰਤੀ ਕਰਦੇ ਹੋ ਤਾਂ ਤੁਹਾਨੂੰ ਕੈਨੇਡਾ ਦੇ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਇੱਕ ***ਪ੍ਰਤੀਰੋਪਣ ਉਮੀਦਵਾਰ*** ਵਜੋਂ ਪੰਜੀਕਿਰਤ ਕੀਤਾ ਜਾ ਸਕਦਾ ਹੈ:

- ਤੁਸੀਂ ਕੈਨੇਡਾ ਵਿੱਚ ਇੱਕ ਗੁਰਦੇ ਦੇ ਪ੍ਰਤੀਰੋਪਣ ਵਾਸਤੇ ਯੋਗ ਹੋ।
- ਤੁਹਾਡੇ ਕੋਲ ਇੱਕ ਜ਼ਿੰਦਾ ਦਾਨੀ ਹੈ ਜੋ ਗੁਰਦਾ ਦਾਨ ਕਰਨ ਲਈ ਇੱਛਾ ਕਰ ਰਿਹਾ ਹੈ ਅਤੇ ਡਾਕਟਰੀ ਤੌਰ 'ਤੇ ਯੋਗ ਹੈ।
- ਤੁਸੀਂ ਇੱਕ ਕੈਨੇਡੀਅਨ ਨਾਗਰਿਕ ਹੋ, ਇੱਕ ਸਥਾਈ ਵਸਨੀਕ ਹੋ ਜਾਂ ਤੁਹਾਨੂੰ ਕੈਨੇਡਾ ਵਿੱਚ ਰਹਿੰਦੇ ਹੋਣ ਦੌਰਾਨ ਕਿਸੇ ਪ੍ਰਾਂਤਕੀ, ਖੇਤਰੀ ਜਾਂ ਸੰਘੀ ਸਿਹਤ ਬੀਮਾ ਪ੍ਰੋਗਰਾਮ ਦੁਆਰਾ ਕਵਰ ਕੀਤਾ ਜਾਂਦਾ ਹੈ।
- ਪੰਜੀਕਿਰਤ ਹੋਣ ਵਾਸਤੇ ਤੁਹਾਡਾ ਡਾਇਆਲਾਇਸਿਸ 'ਤੇ ਹੋਣਾ ਜ਼ਰੂਰੀ ਨਹੀਂ।

ਜੇ ਤੁਸੀਂ ਨਿਮਨਲਿਖਤ ਕਸੌਟੀਆਂ ਦੀ ਪੂਰਤੀ ਕਰਦੇ ਹੋ ਤਾਂ ਤੁਹਾਨੂੰ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਇੱਕ ***ਸੰਭਾਵੀ ਦਾਨੀ*** ਵਜੋਂ ਪੰਜੀਕਿਰਤ ਕੀਤਾ ਜਾ ਸਕਦਾ ਹੈ:

- ਤੁਸੀਂ ਆਮ ਵਧੀਆ ਸਿਹਤ ਵਾਲੇ ਇੱਕ ਬਾਲਗ ਹੋ।
- ਤੁਸੀਂ ਕਿਸੇ ਅਦਲਾ-ਬਦਲੀ ਵਿੱਚ ਭਾਗ ਲੈਣ ਜਾਂ ਇੱਕ ਗੈਰ-ਸੇਧਿਤ ਗੁੰਮਨਾਮ ਦਾਨੀ ਵਜੋਂ ਪੰਜੀਕਿਰਤ ਹੋਣ ਦੀ ਇੱਛਾ ਰੱਖਦੇ ਹੋ।
- ਤੁਸੀਂ ਜ਼ਿੰਦਾ ਵਿਅਕਤੀਆਂ ਵੱਲੋਂ ਗੁਰਦੇ ਦੇ ਦਾਨ ਦੇ ਪ੍ਰੋਗਰਾਮ ਰਾਹੀਂ ਲੋੜੀਂਦੇ ਡਾਕਟਰੀ ਅਤੇ ਮਨੋਵਿਗਿਆਨਕ ਟੈਸਟਾਂ ਨੂੰ ਪਾਸ ਕਰ ਲਿਆ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਵੱਲੋਂ ਦਾਨ ਕਰਨਾ ਸੁਰੱਖਿਅਤ ਹੈ।

**'ਕਿਡਨੀ ਪੇਅਰਡ ਡੋਨੇਸ਼ਨ' ਬਾਰੇ ਮੈਨੂੰ ਹੋਰ ਕੀ ਜਾਣਨਾ ਚਾਹੀਦਾ ਹੈ?**

'ਕਿਡਨੀ ਪੇਅਰਡ ਡੋਨੇਸ਼ਨ' ਵਿਸ਼ਵ ਭਰ ਵਿੱਚ ਗੁਰਦੇ ਦੇ ਪ੍ਰਤੀਰੋਪਣ ਵਿੱਚ ਇੱਕ ਸਥਾਪਤ ਰਵਾਇਤ ਹੈ। ਕੈਨੇਡਾ ਵਿੱਚ, 2009 ਤੋਂ 'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਰਾਹੀਂ ਪੰਜੀਕਿਰਤ ਜੋੜਿਆਂ ਅਤੇ ਗੈਰ-ਸੇਧਿਤ ਗੁੰਮਨਾਮ ਦਾਨੀਆਂ ਦਾ ਮੇਲ ਕਰਵਾਇਆ ਜਾ ਚੁੱਕਾ ਹੈ।

ਗੁਰਦੇ ਨੂੰ ਦਾਨ ਕਰਨ ਵਾਸਤੇ ਅਤੇ ਗੁਰਦੇ ਨੂੰ ਪ੍ਰਾਪਤ ਕਰਨ ਵਾਸਤੇ ਸਰਜਰੀ ਦੀ ਲੋੜ ਹੁੰਦੀ ਹੈ ਅਤੇ ਕਿਸੇ ਵੀ ਕਿਸਮ ਦੀ ਸਰਜਰੀ ਵਿੱਚ ਹਮੇਸ਼ਾਂ ਕੁਝ ਜੋਖ਼ਮ ਹੁੰਦੇ ਹਨ। ਤੁਹਾਡੇ ਜ਼ਿੰਦਾ ਵਿਅਕਤੀਆਂ ਵੱਲੋਂ ਅੰਗ ਦਾਨ ਪ੍ਰੋਗਰਾਮ ਦੇ ਅਮਲੇ ਦੇ ਮੈਂਬਰ ਇਹਨਾਂ ਜੋਖ਼ਮਾਂ ਬਾਰੇ ਸੰਭਾਵੀ ਦਾਨੀਆਂ ਨਾਲ ਵਿਚਾਰ-ਵਟਾਂਦਰਾ ਕਰਨਗੇ। ਵਧੇਰੇ ਜਾਣਕਾਰੀ ਔਨਲਾਈਨ **blood.ca/organs-tissues** 'ਤੇ ਲੱਭੀ ਜਾ ਸਕਦੀ ਹੈ।

'ਕਿਡਨੀ ਪੇਅਰਡ ਡੋਨੇਸ਼ਨ' ਪ੍ਰੋਗਰਾਮ ਵਿੱਚ ਦਾਨ ਗੁੰਮਨਾਮ ਹੁੰਦੇ ਹਨ। ਇਸਦਾ ਮਤਲਬ ਇਹ ਹੈ ਕਿ ਦਾਨੀਆਂ ਨੂੰ ਗੁਰਦਾ ਪ੍ਰਾਪਤ ਕਰਨ ਵਾਲੇ ਵਿਅਕਤੀ ਬਾਰੇ ਕੋਈ ਜਾਣਕਾਰੀ ਨਹੀਂ ਦੱਸੀ ਜਾਵੇਗੀ। ਪ੍ਰਤੀਰੋਪਣ ਉਮੀਦਵਾਰਾਂ ਨੂੰ ਦਾਨੀ ਦੀ ਸਹਿਮਤੀ ਨਾਲ ਦਾਨੀ ਬਾਰੇ ਕੁਝ ਡਾਕਟਰੀ ਜਾਣਕਾਰੀ ਦੱਸੀ ਜਾਵੇਗੀ। ਹਾਲਾਂਕਿ, ਇਸ ਵਿੱਚ ਕੇਵਲ ਪ੍ਰਤੀਰੋਪਣ ਉਮੀਦਵਾਰ ਵਾਸਤੇ ਲੋੜੀਂਦੀ ਜਾਣਕਾਰੀ ਸ਼ਾਮਲ ਹੁੰਦੀ ਹੈ ਤਾਂ ਜੋ ਇਸ ਬਾਰੇ ਇੱਕ ਸੂਚਿਤ ਫੈਸਲਾ ਲਿਆ ਜਾ ਸਕੇ ਕਿ ਕੀ ਮੇਲ ਖਾਂਦੇ ਗੁਰਦੇ ਨੂੰ ਸਵੀਕਾਰ ਕਰਨਾ ਹੈ ਜਾਂ ਨਹੀਂ।

ਪ੍ਰੋਗਰਾਮ ਸੰਪਰਕ ਜਾਣਕਾਰੀ

Program contact information

Organs & Tissues for Life